بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 04.09.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 04 ਸਤੰਬਰ 2015 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।**

ਜੱਦ ਰੱਬ ਦੇ ਸ਼ੁਕਰਾਨੇ ਦੀ ਆਦਤ ਹੋ ਜਾਵੇ ਤਾਂ ਫਿਰ ਰੱਬ ਹੋਰ ਵੀ ਮਿਹਰਾਂ ਕਰਦਾ ਹੈ ਅਤੇ ਉਹਨਾਂ ਮਿਹਰਾਂ ਨੂੰ ਦੇਖਦਿਆਂ ਹੋਇਆਂ ਇਕ ਵਾਸਤਵਿਕ ਮੋਮਿਨ ਫਿਰ ਕੁਰਬਾਨੀਆਂ ਲਈ ਤਿਆਰ ਰਹਿੰਦਾ ਹੈ ਅਤੇ ਕਰਦਾ ਵੀ ਹੈ । ਅੱਜ ਇਸ ਜੁੱਗ ਵਿੱਚ ਇਸ ਵਿਸ਼ੇ ਦਾ ਵਾਸਤਵਿਕ ਗਿਆਨ ਕੇਵਲ ਅਹਮਦੀਆਂ ਨੂੰ ਹੈ ਜਿੰਨ੍ਹਾ ਦੇ ਸਾਹਮਣੇ ਹਜ਼ਰਤ ਮੁਹੱਮਦ ਸਲਲੱਾਹੁ ਅਲੈਹਿ ਵਸਲਅਮ ਦਾ ਜੁੱਗ ਵੀ ਹੈ ਅਤੇ ਆਪ ਦੇ ਸੱਚੇ ਗ਼ੁਲਾਮ ਦਾ ਜੁੱਗ ਵੀ ਹੈ ਅਤੇ ਜੀਵਨ ਸ਼ੈਲੀ ਵੀ ਹੈ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਇਕ ਸੰਸਾਰੀ ਮਨੁੱਖ ਨੂੰ ਜੱਦ ਕਿਹਾ ਜਾਵੇ ਕਿ ਜੇਕਰ ਕਿਸੇ ਵਿਚ ਵਾਸਤਵਿਕ ਸੰਜਮਤਾ ਪੈਦਾ ਹੋ ਜਾਵੇ ਤਾਂ ਉਸ ਨੂੰ ਦੁਨੀਆ ਜਹਾਂਨ ਦੀਆਂ ਸਾਰੀਆਂ ਨੇਮਤਾਂ ਮਿਲ ਜਾਂਦੀਆਂ ਹਨ ਤਾਂ ਉਹ ਨਿਸ਼ਚੇ ਹੀ ਕਹੇਗਾ ਕਿ ਇਹ ਸਾਰੀਆਂ ਫ਼ਜ਼ੂਲ ਦੀਆਂ ਗਲੱਾਂ ਹਨ ਅਤੇ ਧਰਮ ਦੇ ਨਾਂ'ਤੇ ਆਪਣੇ ਦੁਆਲੇ ਲੋਕਾਂ ਨੂੰ ਇਕਤੱਰ ਕਰਨ ਲਈ ਲੋਕ ਇਹ ਗੱਲਾਂ ਕਰਦੇ ਹਨ । ਹਾਂ ਇਹ ਵੀ ਠੀਕ ਹੈ ਕਿ ਅੱਜ ਕੱਲ ਧਰਮ ਦੇ ਨਾਂ'ਤੇ ਕਈ ਲੋਕ ਅਜਿਹੀਆਂ ਗੱਲਾਂ ਕਰਦੇ ਹਨ ਅਤੇ ਉਹਨਾਂ ਦੇ ਵਿਅਕਤੀਗਤ ਲਾਭ ਹੁੰਦੇ ਹਨ ਪਰ ਨ ਤਾਂ ਉਹਨਾਂ ਵਿੱਚ ਸੰਜਮਤਾ ਹੁੰਦੀ ਹੈ ਅਤੇ ਨ ਹੀ ਉਹਨਾਂ ਦੇ ਪਿੱਛੇ ਚਲੱਣ ਵਾਲਿਆਂ ਵਿੱਚ ਤਕਵਾ (ਸੰਜਮਤਾ) ਹੁੰਦਾ ਹੈ । ਪਰ ਇਸ ਦੇ ਟਾਕਰੇ'ਤੇ ਅਸੀਂ ਦੇਖਦੇ ਹਾਂ ਕਿ ਨਬੀਆਂ ਤੇ ਉਹਨਾਂ ਦੀਆਂ ਜਮਾਤਾਂ ਇਸ ਦਾ ਵਾਸਤਵਿਕ ਗਿਆਨ ਰੱਖਦੀਆਂ ਹਨ । ਇਸ ਦੁਨੀਆ ਵਿੱਚ ਰਹਿੰਦਿਆਂ ਹੋਇਆਂ ਵੀ ਸੰਸਾਰਕ ਕਾਰੋਬਾਰਾਂ ਵਿੱਚ ਲੱਗੇ ਰਹਿੰਦਿਆਂ ਹੋਇਆਂ ਵੀ ਸੰਜਮਤਾ ਦੀ ਭਾਲ ਕਰਦੇ ਹਨ ਅਤੇ ਸੰਜਮਤਾ ਉਪੱਰ ਚਲਦੇ ਹਨ । ਮੈਨੂੰ ਸੈਂਕੜੇ ਪਤੱਰ ਆਉਂਦੇ ਹਨ ਜਿੰਨ੍ਹਾ ਵਿੱਚ ਇਸ ਗੱਲ ਦਾ ਪ੍ਰਗਟਾਵਾ ਹੁੰਦਾ ਹੈ ਕਿ ਰੱਬ ਸਾਡੇ ਵਿੱਚ ਅਤੇ ਸਾਡੀ ਸੰਤਾਂਨ ਵਿੱਚ ਸੰਜਮਤਾ ਪੈਦਾ ਕਰੇ । ਇਹ ਤਬਦੀਲੀ ਨਿਸ਼ਚੇ ਹੀ ਉਹਨਾਂ ਨੂੰ ਹਜ਼ਰਤ ਮਸੀਹ ਮੌਊਦ ਅਲਹਿ ਸਲਾਮ ਨੂੰ ਮਨੰਣ ਕਰਕੇ ਅਤੇ ਆਪਣਾ ਬੈਅਤ ਦਾ ਪ੍ਰਣ ਨਿਭਾਉਣ ਦੇ ਅਹਿਸਾਸ ਕਰਕੇ ਹੈ । ਇਸ ਇੱਛਾ ਨੇ ਅਤੇ ਰੱਬ ਨਾਲ ਸੰਬੰਧ ਨੇ, ਉਸ ਦੇ ਖ਼ੌਫ਼ ਤੇ ਡਰ ਨੇ ਉਹਨਾਂ ਨੂੰ ਦੁਨੀਆ ਦੀਆਂ ਚੀਜ਼ਾਂ ਤੋਂ ਬੇਪਰਵਾਹ ਕੀਤਾ ਪਰ ਦੁਨੀਆਂ ਦੀਆਂ ਨੇਮਤਾਂ ਤੋਂ ਵਾਂਜੇ ਨਹੀਂ ਰਹੇ । ਰੱਬ ਨਬੀਆਂ ਨੂੰ ਆਪਣੀਆਂ ਨੇਮਤਾਂ ਨਾਲ ਨਿਵਾਜਦਾ ਹੈ ਅਤੇ ਉਹਨਾਂ ਦੇ ਵਾਸਤਵਿਕ ਮਨੰਣ ਵਾਲਿਆਂ ਨੂੰ ਵੀ ਅਤੇ ਸਿੱਖਿਆ ਉਪੱਰ ਚਲੱਣ ਵਾਲਿਆਂ ਨੂੰ ਵੀ ਦੁਨੀਆਵੀ ਨੇਮਤਾਂ ਨਾਲ ਨਿਵਾਜਦਾ ਹੈ । ਕਈ ਵਾਰ ਕਈ ਆਰਜ਼ੀ ਤੰਗੀਆਂ ਹੁੰਦੀਆਂ ਹਨ ਪਰ ਫਿਰ ਰੱਬ ਦੀਆਂ ਮਿਹਰਾਂ ਹੁੰਦੀਆਂ ਹਨ ਅਤੇ ਹਾਲਾਤ ਚੰਗੇ ਹੋ ਜਾਂਦੇ ਹਨ । ਇਸੇ ਪ੍ਰਕਾਰ ਸੰਜਮੀ ਵਿੱਚ ਸਮਝਦਾਰੀ ਹੁੰਦੀ ਹੈ ਅਤੇ ਸਮਝਦਾਰੀ ਕਰਕੇ ਉਹ ਮਮੂਲੀ ਤੰਗੀਆਂ ਨੂੰ ਸਹਿਨ ਵੀ ਕਰਦਾ ਹੈ ਅਤੇ ਫਿਰ ਰੱਬ ਦੀਆਂ ਜੋ ਮਿਹਰਾਂ ਹੁੰਦੀਆਂ ਹਨ ਜੋ ਨੇਮਤਾਂ ਮਿਲਦੀਆਂ ਹਨ ਉਸ'ਤੇ ਸ਼ੁਕਰਾਨਾ ਵੀ ਕਰਦਾ ਹੈ ਫਿਰ ਰੱਬ ਜੋ ਉਸਨੂੰ ਦਿੰਦਾ ਹੈ ਥੋੜੇ ਉਪੱਰ ਵੀ ਰੱਬ ਦਾ ਸ਼ੁਕਰ ਕਰਨ ਦੀ ਆਦਤ ਪੈਦਾ ਹੋ ਜਾਂਦੀ ਹੈ ।

ਸੰਜਮੀ ਨੂੰ ਜੱਦ ਰੱਬ ਦੇ ਸ਼ੁਕਰ ਦੀ ਆਦਤ ਪੈ ਜਾਏ ਤਾਂ ਫਿਰ ਰੱਬ ਹੋਰ ਵੀ ਮਿਹਰਾਂ ਕਰਦਾ ਹੈ ਅਤੇ ਉਹਨਾਂ ਹੀ ਮਿਹਰਾਂ ਨੂੰ ਦੇਖਦਿਆਂ ਹੋਇਆਂ ਇਕ ਵਾਸਤਵਿਕ ਮੋਮਿਨ ਫਿਰ ਕੁਰਬਾਨੀਆਂ ਲਈ ਤਿਆਰ ਰਹਿੰਦਾ ਹੈ ਅਤੇ ਕਰਦਾ ਵੀ ਹੈ । ਅੱਜ ਇਸ ਜੁੱਗ ਵਿੱਚ ਇਸ ਵਿਸ਼ੇ ਦਾ ਵਾਸਤਵਿਕ ਗਿਆਨ ਕੇਵਲ ਅਸੀਂ ਅਹਮਦੀਆਂ ਨੂੰ ਹੈ ਜਿੰਨ੍ਹ ਦੇ ਸਾਹਮਣੇ ਹਜ਼ਰਤ ਮੁਹੰਮਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦਾ ਜੁੱਗ ਵੀ ਹੈ ਅਤੇ ਆਪ ਦੇ ਸੱਚੇ ਗ਼ੁਲਾਮ ਦਾ ਜੁੱਗ ਵੀ ਹੈ ਅਤੇ ਜੀਵਨ ਸ਼ੈਲੀ ਵੀ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਇਕ ਥਾਂ ਇਸ ਗੱਲ ਨੂੰ ਵਰਨਣ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਦੇਖੋ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਤੋਂ ਲੋਕਾਂ ਨੇ ਸਭ ਕੁਝ ਖੋਹ ਲਿਆ ਅਤੇ ਇਸੇ ਪ੍ਰਕਾਰ ਸਹਾਬਾ ਰਜ਼ੀ ਅਲੱਾਹ ਅਨਹੁਮ ਤੋਂ ਵੀ ਖੋਹ ਲਿਆ ਪਰ ਰੱਬ ਦੇ ਟਾਕਰੇ'ਤੇ ਉਹਨਾਂ ਨੇ ਕਿਸੇ ਗੱਲ ਦੀ ਪਰਵਾਹ ਨ ਕੀਤੀ । ਅਖੀਰ ਰੱਬ ਨੇ ਉਹਨਾਂ ਨੂੰ ਸਭ ਕੁਝ ਦੇ ਦਿਤੱਾ । ਇਸੇ ਪ੍ਰਕਾਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵੀ ਰੱਬ ਖਾਤਰ ਸਭ ਕੁਝ ਛੱਡ ਕਿੱਤਾ ਅਤੇ ਆਪਣੇ ਪਰਿਵਾਰ ਵਿੱਚ ਸੰਪਤੀ ਦੇ ਅੱਧ ਦੇ ਮਾਲਕ ਹੁੰਦਿਆਂ ਹੋਇਆਂ ਵੀ ਸਭ ਕੁਝ ਛੱਡ ਦਿੱਤਾ । ਆਪੀ ਜੀ ਭਰਜਾਈ ਜਿੰਨ੍ਹਾ ਨੂੰ ਬਾਦ ਵਿੱਚ ਰੱਬ ਨੇ ਅਹਮਦੀ ਹੋਣ ਦਾ ਸੁਭਾਗ ਵੀ ਪ੍ਰਦਾਨ ਕੀਤਾ, ਸਮਝਦੀ ਸਨ ਕਿ ਆਪ ਮੁਫ਼ਤ ਖੋਰੇ ਹਨ , ਅਤੇ ਬਹੁਤ ਤੰਗੀਆਂ ਹੋਈਆਂ ਸਨ ਪਰ ਫਿਰ ਵੀ ਰੱਬ ਨੇ ਆਪਨੂੰ ਸਭ ਕੁਝ ਦਿਤੱਾ । ਇਸ ਅਵਸਥਾ ਦਾ ਚਿੱਤਰ ਹਜ਼ਰਤ ਮਸੀਹ ਮੌਊਦ ਅਲਹਿ ਸਲਾਮ ਨੇ ਆਪਣੇ ਇਕ ਸ਼ੇਅਰ ਵਿੱਚ ਇਉਂ ਖਿੱਚਿਆ ਹੈ :

(لفاظات الموائد کان اکلی     وصرت الیوم مطعام الاھالی)

ਕਿ ਇਕ ਸਮਾਂ ਸੀ ਜੱਦ ਮੈਂ ਦੂਜਿਆਂ ਦੇ ਟੁਕੜਿਆਂ ਉਪੱਰ ਗ਼ੁਜ਼ਰ ਬਸਰ ਕਰਦਾ ਸੀ ਪਰ ਹੁਣ ਰੱਬ ਨੇ ਮੈਂਨੂੰ ਇਹ ਤੌਫ਼ੀਕ ਦਿੱਤੀ ਹੈ ਕਿ ਹਜ਼ਾਰਾਂ ਲੋਕ ਮੇਰੇ ਦਸਤਰਖ਼ਵਾਨ (ਲੰਗਰ) ਉਪੱਰ ਖਾਣਾ ਖਾਂਦੇ ਹਨ ।

ਅੱਜ ਅਸੀਂ ਅਹਮਦੀਆਂ ਦਾ ਈਮਾਨ ਨਿਸ਼ਚੇ ਹੀ ਇਸ ਗੱਲ ਨਾਲ ਵੱਧਦਾ ਹੈ ਜੱਦ ਅਸੀਂ ਆਪ ਦੇ ਅਰੰਭਕ ਸਮੇਂ ਅਤੇ ਬਾਦ ਵਿੱਚ ਆਉਣ ਵਾਲੇ ਸਮੇਂ ਨੂੰ ਦੇਖਦੇ ਹਾਂ । ਇਸ ਅਵਸਥਾ ਦਾ ਵਧੇਰੇ ਚਿਤੱਰ ਖਿੱਚਦੇ ਹੋਇਆਂ ਇਕ ਥਾਂ ਹਜ਼ਰਤ ਮੁਸਲਿਹ ਮੌਊਦ ਨੇ ਇਸ ਪ੍ਰਕਾਰ ਵੀ ਵਰਨਣ ਕੀਤਾ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਜੱਦ ਪੈਦਾ ਹੋਏ ਤਾਂ ਆਪ ਦੇ ਮਾਂਪਿਆਂ ਨੇ ਪੈਦਾਇਸ਼ ਉਪੱਰ ਖ਼ੁਸ਼ੀ ਕੀਤੀ ਹੋਵੇਗੀ ਪਰ ਜੱਦ ਆਪ ਦੀ ਉਮਰ ਵੱਡੀ ਹੋ ਗਈ ਅਤੇ ਆਪ ਵਿੱਚੋਂ ਦੁਨੀਆਂ ਦੀ ਰਗ਼ਬਤ ਖ਼ਤਮ ਹੋ ਕਈ ਤਾਂ ਆਪ ਦੇ ਪਿਤਾ ਆਪ ਦੀ ਇਹ ਅਵਸਥਾ ਦੇਖ ਕੇ ਆਹ ਭਰਿਆ ਕਰਦੇ ਕਿ ਸਾਡਾ ਪੁਤੱਰ ਕਿਸੇ ਕੰਮ ਯੋਗ ਨਹੀਂ ਹੈ । ਹਜ਼ਰਤ ਮੁਸਲਿਹ ਮੌਊਦ ਨੇ ਇਕ ਘਟਨਾ ਸੁਣਾਈ ਕਿ ਇਕ ਸਿੱਖ ਨੇ ਆਪ ਨੂੰ ਦੱਸੀ ਸੀ ਕਿ ਅਸੀਂ ਮਿਰਜ਼ਾ ਗ਼ੁਲਾਮ ਅਹਮਦ ਸਾਹਬ ਕੋਲ ਗਏ ਅਤੇ ਉਹਨਾਂ ਨੂੰ ਕਿਹਾ ਕਿ ਆਪ ਦੇ ਪਿਤਾ ਜੀ ਨੂੰ ਇਸ ਵਿਚਾਰ ਨਾਲ ਬਹੁਤ ਦੁੱਖ ਹੁੰਦਾ ਹੈ ਕਿ ਉਹਨਾਂ ਦਾ ਛੋਟਾ ਬੇਟਾ ਆਪਣੇ ਵੱਡੇ ਭਾਈ ਦੀ ਰੋਟੀਆਂ ਉਪੱਰ ਪਲੇਗਾ ਕੋਈ ਕੰਮ ਨਹੀ ਕਰਦਾ । ਉਸ ਨੂੰ ਕਹੋ ਕਿ ਮੇਰੇ ਜੀਵਨ ਵਿੱਚ ਕੋਈ ਕੰਮ ਕਰ ਲਏ । ਤਾਂ ਉਹਨਾਂ ਨੇ ਮਸੀਹ ਮੌਊਦ ਅਲੈਹਿ ਸਲਾਮ ਨੂੰ ਕਿਹਾ ਕਿ ਆਪ ਆਪਣੇ ਪਿਤਾ ਜੀ ਦੀ ਗੱਲ ਕਿਉਂ ਨਹੀਂ ਮਨ੍ਹ ਲੈਂਦੇ ? ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਉਤੱਰ ਦਿੱਤਾ ਕਿ ਮੇਰੇ ਪਿਤਾ ਜੀ ਤਾਂ ਐਵੇਂ ਹੀ ਦੁੱਖ ਕਰਦੇ ਹਨ ਉਹਨਾਂ ਨੂੰ ਮੇਰੇ ਭਵਿੱਖ ਦੀ ਚਿੰਤਾ ਕਿਉਂ ਹੈ ਮੈਂ ਤਾਂ ਜਿਸ ਦੀ ਨੌਕਰੀ ਕਰਨੀ ਸੀ ਕਰ ਲਈ ਹੈ । ਕਹਿੰਦੇ ਹਨ ਕਿ ਅਸੀਂ ਵਾਪਸ ਆ ਗਏ ਅਤੇ ਮਿਰਜ਼ਾ ਗ਼ੁਲਾਮ ਮੁਰਤਜ਼ਾ ਸਾਹਬ ਨੂੰ ਆਕੇ ਸਾਰੀ ਗੱਲ ਸੁਣਾ ਦਿੱਤੀ । ਮਿਰਜ਼ਾ ਸਾਹਬ ਨੇ ਕਿਹਾ ਕਿ ਜੇਕਰ ਉਸ ਨੇ ਇਹ ਗੱਲ ਕਹੀ ਹੈ ਤਾਂ ਠੀਕ ਹੈ ਕਿਉਂਕਿ ਉਹ ਝੂਠ ਨਹੀਂ ਬੋਲਿਆ ਕਰਦਾ । ਹਜ਼ਰਤ ਮੁਸਲਿਹ ਮੌਊਦ ਫਰਮਾਉਂਦੇ ਹਨ ਕਿ ਇਹ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਅਰੰਭ ਸੀ ਅਤੇ ਫਿਰ ਹੁਣੇ ਅਖ਼ੀਰ ਨਹੀਂ ਹੋਇਆ ਪਰ ਜੋ ਆਰਜ਼ੀ ਅਖੀਰ ਦਿਖਾਈ ਦਿੰਦਾ ਹੈ ਉਹ ਇਹ ਹੈ ਕਿ ਆਪ ਦੀ ਵਫ਼ਾਤ ਉਪੱਰ ਹਜ਼ਾਰਾਂ ਲੋਕ ਆਪ ਉਪੱਰ ਕੁਰਬਾਨ ਹੋਣ ਵਾਲਾ ਮੌਜੂਦ ਸੀ ਅਤੇ ਉਹਨਾਂ ਲੋਕਾਂ ਤੋਂ ਬਿਨਾਂ ਜੋ ਆਪ ਦੀ ਸੇਵਾ ਕਰਦੇ ਸਨ, ਲੰਗਰ ਵਿੱਚ ਪ੍ਰਤੀਦਿਨ ਦੋ ਢਾਈ ਸੌ ਲੋਕ ਖਾਣਾ ਖਾਂਦੇ ਸਨ । ਅਰੰਭ ਵਿੱਚ ਆਪ ਦੇ ਕੋਲ ਜੱਦ ਕੋਈ ਮੁਲਾਕਾਤੀ ਆਉਂਦਾ ਤਾਂ ਆਪ ਆਪਣੀ ਭਰਜਾਈ ਨੂੰ ਖਾਣੇ ਲਈ ਕਹਿਲਾ ਭੇਜਦੇ ਤਾਂ ਉਹ ਅੱਗੋ ਕਹਿ ਦਿੰਦੀ ਕਿ ਐਵੇਂ ਹੀ ਖਾ ਪੀ ਰਿਹਾ ਹੈ ਕੰਮ ਤਾਂ ਕੋਈ ਕਰਦਾ ਨਹੀਂ ਹੈ । ਇਸ'ਤੇ ਆਪ ਆਪਣਾ ਖਾਣਾ ਉਸ ਮਹਿਮਾਨ ਨੂੰ ਖੁਆ ਦਿੰਦੇ ਅਤੇ ਆਪ ਫਾਕਾ ਕਰ ਲੈਂਦੇ ਜਾਂ ਥੋੜੇ ਜਿਹੇ ਚਨੇ (ਭੁੱਨੇ ਛੋਲੇ) ਚੱਬ ਕੇ

ਗੁਜ਼ਾਰਾ ਕਰ ਲੈਂਦੇ । ਰੱਬ ਦੀ ਕੁਦਰਤ ਹੈ ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਉਹੋ ਭਰਜਾਈ ਜੋ ਉਸ ਸਮੇਂ ਹਕਾਰਤ (ਘ੍ਰਿਣਾ) ਦੀ ਦ੍ਰਿਸਟੀ ਨਾਲ ਆਪਨੂੰ ਦੇਖਦੀ ਸਨ ਬਾਦ ਵਿੱਚ ਮੇਰੇ ਹੱਥ ਉਪੱਰ ਬੈਅਤ ਕਰਕੇ ਅਹਮਦੀਅਤ ਵਿੱਚ ਦਾਖ਼ਲ ਹੋਈਂ । ਭਾਂਵ ਜੱਦ ਕੋਈ ਕੰਮ ਰੱਬ ਵੱਲੋਂ ਅਰੰਭ ਕੀਤਾ ਜਾਂਦਾ ਹੈ ਤਾਂ ਉਸ ਦਾ ਅਰੰਭ ਵੱਡਾ ਦਿਖਾਈ ਨਹੀਂ ਦਿਆ ਕਰਦਾ ਪਰ ਅਖੀਰ ਵਿੱਚ ਦੁਨੀਆ ਦੰਗ ਹੋ ਜਾਂਦੀ ਹੈ । ਅੱਜ ਵੀ ਅਸੀਂ ਦੇਖਦੇ ਹਾਂ ਕਿ ਕਾਦੀਆਂ ਵਿੱਚ ਹੀ ਨਹੀਂ ਸਗੋਂ ਕਾਦੀਆਂ ਤੋਂ ਬਾਹਰ ਦੁਨੀਆ ਦੇ ਅਨੇਕਾਂ ਦੇਸ਼ਾਂ ਵਿੱਚ ਆਪ ਦਾ ਲੰਗਰ ਚੱਲ ਰਿਹਾ ਹੈ । ਉਸ ਸਮੇਂ ਤਾਂ ਸੰਭਵਤਾ ਦੋ ਤਿੰਨ ਤੰਦੂਰਾਂ ਉਪੱਰ ਰੋਟੀ ਪਕੱਦੀ ਹੋਵੇ ਅਤੇ ਲੰਗਰ ਚੱਲ ਰਿਹਾ ਸੀ ਅਤੇ ਅੱਜ ਅਸੀਂ ਦੱਖਦੇ ਹਾਂ ਕਿ ਅੱਜ ਆਪ ਦੇ ਲੰਗਰਾਂ ਵਿੱਚ  ਰੋਟੀ ਪਲਾਂਟ ਲੱਗੇ ਹੋਏ ਹਨ । ਕਾਦੀਆਂ ਵਿੱਚ ਵੀ ਰਬਵਾ ਵਿੱਚ ਵੀ, ਏਥੇ ਲੰਗਰ ਵਿੱਚ ਵੀ ਲੱਖਾਂ ਰੋਟੀਆਂ ਇਕ ਸਮੇਂ ਵਿੱਚ ਪਕਦੀਆਂ ਹਨ ।

ਸੋ, ਕੀ ਉਹ ਜੁੱਗ ਸੀ ਕਿ ਇਕ ਮਹਿਮਾਨ ਆਉਂਦਾ ਤਾਂ ਆਪ ਉਸਨੂੰ ਆਪਣਾ ਖਾਣਾ ਦੇ ਦਿੰਦੇ ਅਤੇ ਆਪ ਫਾਕਾ ਕਰਦੇ ਸਨ ਅਤੇ ਕਿੱਥੇ ਅੱਜ ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿੱਚ ਹਜ਼ਾਰਾਂ ਹੀ ਲੋਕ ਆਪ ਦੇ ਲੰਗਰ ਤੋਂ ਖਾਣਾ ਖਾ ਰਹੇ ਹਨ ਅਤੇ ਇਹ ਅੰਤ ਨਹੀਂ ਹੈ । ਅਜੇ ਤਾਂ ਇਹਨਾਂ ਲੰਗਰਾਂ ਨੇ ਵੱਖ ਵੱਖ ਦੇਸ਼ਾਂ ਵਿੱਚ ਫੈਲਣਾ ਹੈ । ਇੰਸ਼ਾਅਲੱਾਹ । ਲੱਖਾਂ ਕਰੋੜਾਂ ਲੋਕਾਂ ਨੇ ਆਪਦੇ ਲੰਗਰ ਤੋਂ ਖਾਣਾ ਖਾਣਾ ਹੈ । ਇਸੇ ਪ੍ਰਕਾਰ ਲੱਖਾਂ ਕਰੋੜਾਂ ਨੇ ਆਪ ਨੂੰ ਮਨ੍ਹਣ ਦੇ ਬਾਦ ਸੰਜਮਤਾ ਵਿੱਚ ਵੀ ਅੱਗੇ ਵਧੱਣਾ ਹੈ । ਅੱਜ ਸਾਨੂੰ ਦੁਨੀਆ ਕਮਾਉਣ ਵਾਲੇ ਅਹਮਦੀਆਂ ਵਿੱਚ ਜੋ ਕੁਰਬਾਨੀ ਦੇ ਮਿਆਰ ਦਿਖਾਈ ਦਿੰਦੇ ਹਨ ਇਹ ਵੀ ਕੋਈ ਅਖੀਰ ਨਹੀਂ ਹੈ ਇਸ ਵਿੱਚ ਵੀ ਵਾਧਾ ਹੁੰਦਾ ਜਾਣਾ ਹੈ । ਇੰਸ਼ਾਅਲੱਾਹ । ਸੋ, ਇਕ ਲੰਗਰ ਦੀ ਵਿਵਸਥਾ ਉਪੱਰ ਹੀ ਗ਼ੌਰ ਕਰਨਾ ਵਾਲਾ ਜੇਕਰ ਗੋਰ ਨਾਲ ਦੇਖ ਲਏ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਅਰੰਭਕ ਹਾਲਾਤਾਂ ਨੂੰ ਜ਼ਮਾਨੇ ਦੇ ਸਾਹਮਣੇ ਰੱਖੇ ਤਾਂ ਇਹੋ ਆਪ ਦੀ ਸਚੱਾਈ ਦਾ ਇਕ ਨਿਸ਼ਾਨ ਬਣ ਜਾਂਦਾ ਹੈ ਬਹੁਤ ਵੱਡਾ ਨਿਸ਼ਾਨ ਹੈ ਅਤੇ ਸਾਡੇ ਈਮਾਨਾ ਵਿੱਚ ਨਿਸ਼ਚੇ ਹੀ ਵਾਧੇ ਦਾ ਸਬਬ ਬਣਦਾ ਹੈ ਅਤੇ ਫਿਰ ਜੇਕਰ ਅਸੀਂ ਦੇਖਦੇ ਹਾਂ ਕਿ ਜੇਕਰ ਸਾਰੀ ਵਿਵਸਥਾ ਨੂੰ ਚਲਾਉਣ ਲਈ ਆਰਥਕ ਕੁਰਬਾਨੀ ਦੀ ਰੂਹ ਜਮਾਤ ਵਿੱਚ ਪੈਦਾ ਹੋਈ ਹੈ ਤਾਂ ਇਹ ਵੀ ਇਸੇ ਸੰਜਮਤਾ ਦਾ ਸਿੱਟਾ ਹੈ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਜੁੜਕੇ ਸਾਡੇ ਵਿੱਚ ਪੈਦਾ ਹੋਈ ਹੈ । ਅਲੱਾਹ ਤਆਲਾ ਸਾਡੇ ਵਿੱਚੋਂ ਹਰ ਇਕ ਨੂੰ ਹਕੀਕੀ ਸੰਜਮਤਾ ਪੈਦਾ ਕਰਨ ਵੱਲ ਤਵਜੁੱਹ ਪੈਦਾ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਹਜ਼ਰਤ ਮਸੀਹ ਮੌਊਦ ਅਲਹਿ ਸਲਾਮ ਦੇ ਜੀਵਨ ਚਰਿਤੱਰ ਵੱਖ ਵੱਖ ਪੱਖਾਂ ਤੇ ਕੁਝ ਘਟਨਾਵਂ ਉਪੱਰ ਚਾਨ੍ਹਣਾ ਪਾਉਂਦੇ ਹਨ ਇਸ ਵਿੱਚ ਬਹੁਤ ਸੂਖਮ ਨੁਕਤੇ ਨਿਕਲਦੇ ਹਨ ਅਤੇ ਉਹ ਵੀ ਸਾਡੇ ਈਮਾਨਾ ਵਿੱਚ ਵਾਧੇ ਦੇ ਸਬਬ ਹੁੰਦੇ ਹਨ ਅਤੇ ਮਆਰਫ਼ਤ ਵਿੱਚ ਤਰੱਕੀ ਹੁੰਦੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਖਾਣੇ ਦੇ ਤੌਰ ਤਰੀਕ ਵਰਨਣ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਖਾਣੇ ਦਾ ਢੰਗ ਬਿਲਕੁਲ ਨਿਰਾਲਾ ਸੀ ਮੈਂ ਇਸ ਪ੍ਰਕਾਰ ਕਿਸੇ ਨੂੰ ਖਾਂਦਿਆਂ ਨਹੀਂ ਦੇਖਿਆ । ਆਪ ਫੁਲਕੇ ਵਿੱਚੋਂ ਇਕ ਟੁਕੜਾ ਵੱਖਰਾ ਕਰਦੇ ਅਰਥਾਤ ਇਕ ਬਰੀਕ ਰੋਟੀ ਜੋ ਚਪਾਤੀ ਹੁੰਦੀ ਹੈ, ਫਿਰ ਲੁਕਮਾ ਬਨਾਉਣ ਤੋਂ ਪਹਿਲਾਂ ਆਪ ਉਂਗਲਾਂ ਨਾਲ ਉਸ ਦੇ ਨਿੱਕੇ ਨਿੱਕੇ ਟੋਟੇ ਬਣਾਉਂਦੇ ਅਤੇ ਮੂੰਹੋ 'ਸੁਬਹਾਨਲੱਾਹ' 'ਸੁਬਹਾਨਲੱਾਹ' ਕਹਿੰਦੇ ਜਾਂਦੇ ਅਤੇ ਫਿਰ ਇਹਨਾ ਵਿੱਚੋਂ ਇਕ ਨਿੱਕਾ ਜਿਹਾ ਟੋਟਾ ਲੈਕੇ ਸਾਲਣ ਨਾਲ ਛੂਹ ਕੇ ਮੂੰਹ ਵਿੱਚ ਰੱਖ ਲੈਂਦੇ । ਇਹ ਆਪ ਦੀ ਆਦਤ ਐਨ੍ਹੀ ਵਧੀ ਹੋਈ ਸੀ ਕਿ ਦੇਖਣ ਵਾਲੇ ਦੰਗ ਹੁੰਦੇ ਅਤੇ ਕਈ ਲੋਕ ਤਾਂ ਵਿਚਾਰ ਕਰਦੇ ਕਿ ਸੰਭਵਤਾ ਆਪ ਰੋਟੀ ਵਿੱਚੋਂ ਹਲਾਲ ਕਿਣਕੇ ਭਾਲ ਰਹੇ ਹਨ । ਪਰ ਵਾਸਤਵ ਵਿੱਚ ਉਸ ਦਾ ਇਹੋ ਸਬਬ ਸੀ ਕਿ ਅਸੀਂ ਰੋਟੀ ਖਾ ਰਹੇ ਹਾਂ ਅਤੇ ਰੱਬ ਦਾ ਦੀਨ (ਧਰਮ) ਔਕੁੜਾਂ ਵਿੱਚ ਤੜਪ ਰਿਹਾ ਹੈ । ਹਰ ਲੁਕਮਾ ਆਪ ਦੇ ਗੱਲ ਵਿੱਚ ਫਸਦਾ ਸੀ ਅਤੇ 'ਸੁਬਹਾਨੱਲਾਹ' 'ਸੁਬਹਾਨਲੱਾਹ' ਕਹਿ ਕੇ ਆਪ ਸੰਭਵਤਾ ਰੱਬ ਦੀ ਹਜ਼ੂਰੀ ਵਿੱਚ ਖਿਮਾ ਜਾਰਨਾ ਕਰਦੇ ਸਨ ਕਿ ਤੂੰ ਇਹ ਰੀਜ਼ ਸਾਡੇ ਨਾਲ ਲਗਾ ਦਿੱਤੀ ਅਰਥਾਤ ਖਾਣਾ ਖਾਣਾ ਅਤੇ ਖ਼ੁਰਾਕ ਮਨੁੱਖ ਦੀ ਲੋੜ ਹੈ ਨਹੀਂ ਤਾਂ ਧਰਮ ਦੀ ਔਕੁੜ ਸਮੇਂ ਸਾਡੇ ਲਈ ਇਹ ਉਕੱਾ ਹੀ ਉਚਿਤ ਨਹੀਂ ਸੀ । ਹਜ਼ਰਤ ਮੁਸਲਿਹ ਮੌਊਦ ਕਹਿੰਦੇ ਹਨ ਕਿ ਉਹ ਗ਼ਜ਼ਾ ਵੀ ਜੋ ਸੀ ਉਹ ਇਕ ਸੰਘਰਸ਼ ਮਲੂਮ ਹੁੰਦਾ ਸੀ । ਇਹ ਇਕ ਜੁੱਧ ਹੁੰਦਾ ਸੀ ਉਹਨਾਂ ਸੂਖਮ ਭਾਵਨਵਾਂ ਵਿਚਕਾਰ ਜੋ ਇਸਲਾਮ ਅਤੇ ਧਰਮ ਦੇ ਪੱਖ ਲਈ ਉਠ ਰਹੀਆਂ ਹੁੰਦੀਆਂ ਸਨ ਅਤੇ ਉਹਨਾਂ ਮੰਗਾ ਵਿਚਕਾਰ ਜੋ ਰੱਬ ਵੱਲੋਂ ਪ੍ਰਕ੍ਰਿਤੀ ਨੂੰ ਪੂਰਾ ਕਰਨ ਲਈ ਸਥਾਪਨ ਕੀਤੇ ਗਏ ਸਨ । ਆਪ ਦਾ ਖਾਣਾ ਵੀ ਇਕ

ਮਜਬੂਰੀ ਸੀ । ਅਸਲ ਚਿੰਤਾ ਆਪ ਨੂੰ ਧਰਮ ਦੇ ਪੱਖ ਦੀ ਸੀ ਇਸਲਾਮ ਦੀ ਤਰੱਕੀ ਦੀ ਸੀ । ਸੋ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਇਹ ਨਮੂਨਾ ਸਾਨੂੰ ਇਸ ਵੱਲ ਧਿਆਨ ਦੁਆਉਂਦਾ ਹੈ ਕਿ ਅਸੀਂ ਰਬ ਦੀਆਂ ਨੇਮਤਾਂ ਨੂੰ ਜੱਦ ਵਰਤੀਏ ਤਾਂ ਉਸ ਦਾ ਸ਼ੁਕਰਾਨਾ ਵੀ ਕਰੀਏ ਇਕ ਤਾਂ ਉਸ ਦਾ ਸਿਮਰਣ ਕਰੀਏ ਨਾਲ ਹੀ ਧਰਮ ਦੀ ਅਵਸਥਾ ਲਈ ਪੀੜਾ ਵੀ ਅਨੁਭਵ ਕਰੀਏ । ਉਸ ਲਈ ਜਤਨ ਕਰੀਏ ਕਿ ਕਿਵੇਂ ਧਰਮ ਦੀ ਪ੍ਰਕਾਸ਼ਨਾ ਤੇ ਪ੍ਰਚਾਰ ਲਈ ਧਰਮ ਵਿੱਚ ਹਿਸੱਾ ਪਾਉਣਾ ਹੈ । ਫਿਰ ਇਸ ਖਾਣੇ ਦੇ ਢੰਗ ਨਾਲ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਸੀ ਸਿਮਰਣ ਦੇ ਵਿਸ਼ੇ ਦੀ ਹੋਰ ਵਿਆਖਿਆ ਕੁਰਆਨ ਕਰੀਮ ਦੀ ਇਸ ਆਇਤ ਦੇ ਭਾਗ 'ਯੁਸੱਬਿਹੁ ਲਿਲੱਾਹਿ ਮਾ ਫ਼ਿਸੱਮਾਵਾਤਿ ਵਮਾ ਫ਼ਿਲ ਅਰਜ਼ਿ' ( يسبح لله ما في السموت وما في الارض) ਧਰਤੀ ਤੇ ਅਕਾਸ਼ ਦੀ ਹਰ ਚੀਜ਼ ਰੱਬ ਦਾ ਸਿਮਰਣ ਕਰਦੀ ਹੈ । ਹਜ਼ਰਤ ਮੁਸਲਿਹ ਮੌਊਦ ਨੇ ਇਹ ਨੁਕਤਾ ਕੱਢਿਆ ਹੈ ਕਿ ਫ਼ਰਮਾਉਂਦੇ ਹਨ ਕਿ ਜੱਦ ਰੱਬ ਕਹਿੰਦਾ ਹੈ ਕਿ 'ਯੁਸੱਬਿਹੁ ਲਿਲੱਾਹਿ ਮਾ ਫਿਸੱਮਾਵਾਤਿ ਵਮਾ ਫ਼ਿਲ ਅਰਜ਼ਿ' ਕਿ ਧਰਤੀ ਅਤੇ ਅਕਾਸ਼ ਦੀ ਹਰ ਚੀਜ਼ ਤਸਬੀਹ ਕਰ ਰਹੀ ਹੈ ਤਾਂ ਇਸ ਦਾ ਮਤਲਬ ਹੈ ਕਿ ਤੁਸੀਂ ਇਸ ਤਸਬੀਹ ਨੂੰ ਸੁਣੋ । ਸੋ, ਗਿਆਤ ਹੋਇਆ ਕਿ ਇਹ ਤਸਬੀਹ ਅਜਿਹੀ ਹੈ ਕਿ ਜਿਸਨੂੰ ਅਸੀਂ ਸੁਣ ਵੀ ਸਕਦੇ ਹਾਂ । ਇਕ ਤਾਂ ਸੁਨਣਾ ਨਿਮਨ ਦਰਜੇ ਦਾ ਹੈ ਅਤੇ ਇਕ ਉੱਚ ਦਰਜੇ ਦਾ । ਪਰ ਉੱਚ ਦਰਜੇ ਦਾ ਸੁਨਣਾ ਉਹਨਾਂ ਲੋਕਾਂ ਨੂੰ ਹੀ ਮਿਲ ਸਕਦਾ ਹੈ ਜਿੰਨ੍ਹਾ ਲੋਕਾਂ ਨੂੰ ਉਹੋ ਜਿਹੇ ਕੰਨ ਅਤੇ ਅਖੱਾਂ ਹੋਣ । ਇਸੇ ਲਈ ਮੋਮਨ ਨੂੰ ਇਹ ਕਿਹਾ ਜਾਂਦਾ ਹੈ ਕਿ ਜੱਦ ਉਹ ਖਾਣਾ ਸ਼ੁਰੂ ਕਰੇ ਤਾਂ 'ਬਿਸਮਿਲੱਾਹ ਹਿਰ ਰਹਮਾਨਿਰੱਹੀਮ' ( بسم الله الرحمن الرحيم) ਕਹੇ । ਖਾਣਾ ਖਤਮ ਕਰੇ ਤਾਂ 'ਅਲਹਮਦੁਲਿੱਲਾਹ' ਕਹੇ । ਕਪੜਾ ਪਾਏ ਜਾਂ ਕੋਈ ਹੋਰ ਦ੍ਰਿਸ਼ ਦੇਖੇ ਤਾਂ ਉਸੇ ਅਨੁਸਾਰ ਤਸਬੀਹ ਕਰੇ । ਸੰਭਵਤਾ ਮੋਮਨ ਦਾ ਤਸਬੀਹ ਕਰਨਾ ਕੀ ਹੈ ? ਉਹ ਉਹਨਾਂ ਚੀਜਾਂ ਦੀ ਤਸਬੀਹ ਨੂੰ ਪ੍ਰਮਾਣਕ ਕਰਨਾ ਹੈ । ਉਹ ਕਪੜੇ ਦੀ ਤਸਬੀਹ, ਖਾਣੇ ਦੀ ਤਸਬੀਹ ਅਤੇ ਹੋਰਨਾ ਚੀਜਾਂ ਦੀ ਤਸਬੀਹ ਨੂੰ ਪ੍ਰਮਾਣਕ ਕਰਦਾ ਹੈ ।

ਜੱਦ ਮਨੁੱਖ ਖਾਣਾ ਖਾਂਦਿਆਂ ਹੋਇਆਂ 'ਬਿਸਮਿਲੱਾਹ' ਪੜ੍ਹਦਾ ਹੈ, ਖਾਣਾ ਖ਼ਤਮ ਕਰਕੇ 'ਅਲਹੁਮਦੁਲਿਲੱਾਹ' ਪੜ੍ਹਦਾ ਹੈ । ਕਪੜੇ ਪਾਉਂਦਿਆਂ ਹੋਇਆਂ ਦੁਆ ਕਰਦਾ ਹੈ ਰੱਬ ਨੂੰ ਚੇਤੇ ਰੱਖਦਾ ਹੈ ਤਾਂ ਇਹ ਚੀਜਾਂ ਜੋ ਮਨੁੱਖ ਆਪ ਕਰ ਰਿਹਾ ਹੁੰਦਾ ਹੈ ਅਸਲ ਵਿੱਚ ਇਹੋ ਤਸਬੀਹ (ਸਿਮਰਣ) ਹੈ ਜੋ ਇਹਨਾਂ ਚੀਜਾਂ ਵੱਲੋਂ ਹੋ ਰਿਹਾ ਹੁੰਦਾ ਹੈ । ਇਹਨਾਂ ਨੂੰ ਦੇਖ ਕੇ ਜੱਦ ਮਨੁੱਖ ਸ਼ੁਕਰਾਨਾ ਕਰਦਾ ਹੈ ਤਾਂ ਇਹੋ ਤਸਬੀਹ ਇਹਨਾਂ ਚੀਜਾਂ ਵੱਲੋਂ ਵੀ ਹੋ ਰਹੀ ਹੁੰਦੀ ਹੈ । ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ, ਕਿੰਨ੍ਹੇ ਹਨ ਜੋ ਇਸ ਉਪੱਰ ਅਮਲ ਕਰਦੇ ਹਨ । ਉਹ ਰਾਤ ਦਿਨ ਖਾਂਦੇ ਪੀਂਦੇ ਹਨ, ਪਹਾੜਾਂ ਉਪੱਰੋਂ ਦੀ ਲੰਘਦੇ ਹਨ, ਦਰਿਆਵਾਂ ਨੂੰ ਦੇਖਦੇ ਹਨ, ਹਰਿਆਵਲਾਂ ਦਾ ਅਵਲੋਕਣ ਕਰਦੇ ਹਨ, ਰੁਖੱਾਂ ਅਤੇ ਖੇਤਾਂ ਨੂੰ ਲਹਿਲਹਾਉਂਦਿਆਂ ਦੇਖਦੇ ਹਨ, ਪੰਛੀਆਂ ਨੂੰ ਚਹਿਕਦਿਆਂ ਦੇਖਦੇ ਤੇ ਸੁਣਦੇ ਹਨ ਪਰ ਉਹਨਾਂ ਦੇ ਦਿਲਾਂ ਉਪੱਰ ਕੀ ਪ੍ਰਭਾਵ ਹੁੰਦਾ ਹੈ । ਕੀ ਉਹਨਾਂ ਦਿਲਾਂ ਵਿੱਚ ਇਹਨਾਂ ਚੀਜਾਂ ਦੇ ਟਾਕਰੇ'ਤੇ ਤਸਬੀਹ ਪੈਦਾ ਹੁੰਦੀ ਹੈ । ਸੋ, ਹਰ ਸ਼ੁਕਰਗੁਜ਼ਾਰੀ ਜੋ ਹੈ ਜੱਦ ਮਨੁੱਖ ਕਿਸੇ ਚੀਜ ਦੀ ਕਰਦਾ ਹੈ ਜਾਂ ਰੱਬ ਦੀ ਕੁਦਰਤ ਦੇਖਦਾ ਹੈ ਤਾਂ ਸੁਬਹਾਨੱਲਾਹ ਪੜ੍ਹਦਾ ਹੈ, ਜੋ ਮਨੁੱਖ ਦੀ ਤਸਬੀਹ ਹੈ ਅਸਲ ਵਿੱਚ ਉਹਨਾਂ ਚੀਜਾਂ ਦੀ ਤਸਬੀਹ ਹੈ, ਇਸ ਦਾ ਪ੍ਰਗਟਾਵਾ ਮਨੁੱਖ ਦੇ ਮੂੰਹੋਂ ਹੋ ਰਿਹਾ ਹੁੰਦਾ ਹੈ । ਇਸ ਨੁਕਤੇ ਨੂੰ ਸਮਝਣ ਦੀ ਲੋੜ ਹੈ । ਸੋ, ਇਸ ਸਿਮਰਣ ਦੇ ਤਰੀਕੇ ਨੂੰ ਵੀ ਸਾਨੂੰ ਅਪਨਾਉਣ ਦਾ ਜਤਨ ਕਰਨਾ ਚਾਹੀਦਾ ਹੈ ਸਗੋਂ ਸੰਜਮਤਾ ਤਾਂ ਇਹੋ ਹੈ ਕਿ ਇਸ ਪ੍ਰਕਾਰ ਦੀ ਤਸਬੀਹ ਸਾਡਾ ਨਿਤਨੇਮ ਬਣ ਜਾਵੇ ।

ਇਸ ਜੁੱਗ ਵਿੱਚ ਰੱਬ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਇਸਲਾਮ ਉਪੱਰ ਹਲੱਾ ਬੋਲਣ ਵਾਲਿਆਂ ਦੇ ਮੂੰਹ ਬੰਦ ਕਰਨ ਲਈ ਅਤੇ ਇਸਲਾਮ ਦੀ ਸੁੰਦਰਤਾ ਨੂੰ ਪ੍ਰਕਟ ਕਰਨ ਲਈ ਭੇਜਿਆ ਹੈ । ਇਸ ਸੰਬੰਧ ਵਿੱਚ ਇਕ ਘਟਨਾ ਵਰਨਣ ਕਰਦੇ ਹੋਏ ਹਜ਼ਰਤ ਮੁਸਲਿਹ ਮੌਊਦ ਫਰਮਾਉਂਦੇ ਹਨ ਕਿ ਇਕ ਵਾਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਮਸਜਿਦ ਵਿੱਚ ਬੈਠੇ ਹੋਏ ਸਨ ਕਿ ਇਕ ਈਸਾਈ ਆਇਆ ਅਤੇ ਉਸ ਨੇ ਕਿਹਾ ਕਿ ਆਪ ਕਹਿੰਦੇ ਹਨ ਕਿ ਕੁਰਆਨ ਕਰੀਮ ਦੀ ਭਾਸ਼ਾ 'ਉਮੁੱਲ ਸਿਨਾ' (ਸਾਰੀਆਂ ਭਾਸ਼ਾਵਾਂ ਦੀ ਮਾਂ) ਜੱਦ ਕਿ ਮੈਕਸ ਮੂਲਰ ਆਦਿ ਨੇ ਲਿਖਿਆ ਹੈ ਕਿ ਜੋ ਭਾਸ਼ਾ 'ਉਮੁੱਲ ਸਿਨਾ' ਹੁੰਦੀ ਹੈ ਉਹ ਸੰਖੇਪ ਹੁੰਦੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਅਸੀਂ ਤਾਂ ਮੈਕਸ ਮੂਲਰ ਦੇ ਇਸ ਫ਼ਾਰਮੂਲੇ ਨੂੰ ਨਹੀਂ ਮਨ੍ਹਦੇ ਕਿ ਉਮੁੱਲ

ਸਿਨਾ ਸੰਖੇਪ ਹੁੰਦੀ ਹੈ । ਪਰ ਬਹਿਸ ਨੂੰ ਛੋਟਾ ਕਰਨ ਲਈ ਅਸੀਂ ਇਸ ਫ਼ਰਮੂਲੇ ਨੂੰ ਮਨ ਲੈਂਦੇ ਹਾਂ ਕਿ ਅਤੇ ਅਰਬੀ ਭਾਸ਼ਾ ਨੂੰ ਦੇਖਦੇ ਹਾਂ ਕਿ ਉਹ ਇਸ ਮਿਆਰ ਉਪੱਰ ਪੂਰੀ ਉਤਰਦੀ ਹੈ ਜਾਂ ਨਹੀਂ । ਉਸ ਮਨੁੱਖ ਨੇ ਇਹ ਵੀ ਕਿਹਾ ਸੀ ਕਿ ਅੰਗ੍ਰੇਜ਼ੀ ਭਾਸ਼ਾ ਅਰਬੀ ਭਾਸ਼ਾ ਦੇ ਟਾਕਰੇ'ਤੇ ਅਤਿ ਉਤੱਮ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਅੰਗ੍ਰੇਜ਼ੀ ਨਹੀਂ ਜਾਣਦੇ ਸਨ ਪਰ ਰੱਬ ਨੇ ਆਪ ਦੀ ਮੂੰਹੋਂ ਅਜਿਹੇ ਸ਼ਬਦ ਜਾਰੀ ਕਰ ਦਿੱਤੇ ਕਿ ਕਿ ਇਤਰਾਜ਼ ਕਰਨ ਵਾਲਾ ਆਪ ਹੀ ਫਸ ਗਿਆ । ਆਪ ਨੇ ਫ਼ਰਮਾਇਆ ਚੰਗਾ ਤੁਸੀਂ ਦੱਸੋ ਕਿ ਅੰਗ੍ਰੇਜ਼ੀ ਵਿੱਚ 'ਮੇਰੇ ਪਾਣੀ' ਨੂੰ ਕੀ ਕਹਿੰਦੇ ਹਨ, ਉਸ ਨੇ ਕਿਹਾ ਕਿ 'My Water' ਆਪ ਨੇ ਫ਼ਰਮਾਇਆ ਅਰਬੀ ਵਿੱਚ ਤਾਂ ਕੇਵਲ 'ਮਾਈ' ਕਹਿਣ ਨਾਲ ਹੀ ਭਾਵਅਰਥ ਪੂਰਾ ਹੋ ਜਾਂਦਾ ਹੈ । ਹੁਣ ਦੱਸੋ ਕਿ 'My Water' ਬਹੁਤਾ ਸੰਖੇਪ ਹੈ ਜਾਂ 'ਮਾਈ' । ਉਹ ਬਹੁਤ ਸ਼ਰਮਿੰਦਾ ਹੋਇਆ । ਅਤੇ ਨਿਰਉਤੱਰ ਹੋਕੇ ਕਹਿਣ ਲੱਗਾ ਕਿ ਫਿਰ ਤਾਂ ਅਰਬੀ ਭਾਸ਼ਾ ਹੀ ਸੰਖੇਪ ਹੋਈ । ਇਹੋ ਹਾਲ ਕੁਰਆਨ ਕਰੀਮ ਦਾ ਹੈ ਅਲੱਾਹ ਤਆਲਾ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਤੋਂ ਪ੍ਰਣ ਕਰਦਾ ਹੈ ਕਿ ਉਹ ਆਪ ਨੂੰ ਦੁਸ਼ਮਣਾ ਦੇ ਹਮਲਿਆਂ ਤੋਂ ਬਚਾਏਗਾ । ਜੱਦ ਦੁਸ਼ਮਣ ਨੇ ਤਲਵਾਰ ਨਾਲ ਹਮਲਾ ਕੀਤਾ ਤਾਂ ਉਸ ਨੇ ਉਸ ਨੇ ਤਲਵਾਰ ਨੂੰ ਖੁੰਡਾ ਕਰ ਦਿੱਤਾ ਦੁਸ਼ਮਣ ਦੀਆਂ ਤਲਵਾਰਾਂ ਟੁੱਟ ਗਈਆਂ ਅਤੇ ਜੱਦ ਉਸ ਨੇ ਇਤਿਹਾਸ ਰਾਹੀਂ ਹਮਲਾ ਕੀਤਾ ਤਾਂ ਰੱਬ ਨੇ ਅਜਿਹੇ ਮੁਸਲਮਾਨ ਖੜੇ ਕਰ ਦਿੱਤੇ ਜਿੰਨ੍ਹਾਂ ਨੇ ਇਤਿਹਾਸਕ ਕਿਤਾਬਾਂ ਦੀ ਛਾਣਬੀਣ ਕਰਕੇ ਦੁਸ਼ਮਣਾ ਦੇ ਇਤਰਾਜ਼ਾਂ ਨੂੰ ਰੱਦ ਕਰ ਦਿਤੱਾ ਅਤੇ ਆਪ ਵਿਰੋਧੀਆਂ ਦੇ ਵਡੇਰਿਆਂ ਦੀਆਂ ਕਿਤਾਬਾਂ ਖੋਲਕੇ ਦੱਸਿਆ ਕਿ ਉਹ ਜੋ ਇਤਰਾਜ਼ ਇਸਲਾਮ ਉਪੱਰ ਕਰ ਰਹੇ ਹਨ ਉਹ ਉਹਨਾਂ ਦੇ ਆਪਣੇ ਧਰਮ ਉਪੱਰ ਵੀ ਪੈਂਦੇ ਹਨ ਅਤੇ ਜੋ ਹਿਸੱਾ ਕੁਰਆਨ ਕਰੀਮ ਦਾ ਅਤੇ ਹਦੀਸਾਂ ਨਾਲ ਸੰਬੰਧ ਰੱਖਦਾ ਸੀ ਉਸ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲ੍ਹਾਮ ਨੇ ਠੀਕ ਕਰ ਦਿਤੱਾ ।

ਸੋ, ਅੱਜ ਵੀ ਜੋ ਲੋਕ ਇਸਲਾਮ ਉਪੱਰ ਇਤਰਾਜ਼ ਕਰਦੇ ਹਨ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਵਿਦਿਅਕ ਕਲਾਮ ਰਾਹੀਂ ਲੋਕਾਂ ਦਾ ਮੂੰਹ ਬੰਦ ਕਰ ਸਕਦੇ ਹਨ, ਇਸ ਲਈ ਇਸ ਵੱਲ ਧਿਆਨ ਦੇਣ ਦੀ ਲੋੜ ਹੈ । ਰੱਬ ਆਪਣੇ ਧਰਮ ਦੇ ਪੱਖ ਵਿੱਚ ਆਪ ਹੀ ਨਿਸ਼ਾਨ ਤੇ ਚਮਤਕਾਰ ਦਿਖਾਉਂਦਾ ਹੈ ਅਤੇ ਦਲੀਲਾਂ ਵੀ ਦਸਦਾ ਹੈ । ਕਈ ਲੋਕ ਜੋ ਗਿਆਨ ਪ੍ਰਾਪਤ ਕਰਨ ਦਾ ਸ਼ੌਕ ਰਖੱਦੇ ਹਨ ਉਹਨਾਂ ਦੀਆਂ ਹਿਕੱਾਂ ਹੋਰ ਵੀ ਵਦੇਰੇ ਰੂਪ ਵਿੱਚ ਖੋਲਦਾ ਹੈ ਪਰ ਕਈ ਲੋਕ ਅਜਿਹੇ ਵੀ ਹੁੰਦੇ ਹਨ ਜੋ ਘੱਟ ਗਿਆਨ ਰੱਖਦਿਆਂ ਹੋਇਆਂ ਵਿਦਵਾਨ ਬਨਣ ਦੇ ਚਾਹ ਵਿੱਚ ਗ਼ੈਰ ਜ਼ਰੂਰੀ ਗੱਲਾਂ ਵੀ ਕਰ ਜਾਂਦੇ ਹਨ ਅਤੇ ਜਿੰਨ੍ਹਾ ਤੋਂ ਕਈ ਵਾਰੀ ਔਕੁੜਾ ਵੀ ਪੈਦਾ ਹੋ ਜਾਂਦੀਆਂ ਹਨ ਸਗੋਂ ਵਿਰੋਧੀਆਂ ਨੂੰ ਹਾਸੇ ਦਾ ਮੌਕਾ ਮਿਲ ਜਾਂਦਾ ਹੈ । ਹਜ਼ਰਤ ਮੁਸਲਿਹ ਮੌਊਦ  ਫ਼ਰਮਾਉਂਦੇ ਹਨ ਕਿ ਅਜਿਹੇ ਲੋਕ ਜੋ ਹਨ ਦੋਹਾਂ ਪਾਸੇ ਗੱਲਾਂ ਏਦਰ ਓਧਰ ਕਰਦੇ ਹਨ, ਕੋਈ ਉਸੂਲ ਤੇ ਨਿਯਮ ਨਹੀਂ ਹੁੰਦਾ ਜੱਦ ਕਿ ਅਸਲ ਤਰੀਕਾ ਮੱਧ (ਵਿਚੋਲਾ) ਹੀ ਹੈ ਮਨੁੱਖ ਨੂੰ ਪਰਿਵਰਤਨ ਪ੍ਰਵਾਨ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ ਪਰ ਪਰਿਵਰਤਨ ਪੈਦਾ ਕਰਨਾ ਰੱਬ ਦੇ ਹੱਥ ਵਿੱਚ ਹੈ ਅਤੇ ਜੱਦ ਉਹ ਚਾਹੁੰਦਾ ਹੈ ਪਰਿਵਰਤਨ ਪੈਦਾ ਕਰਦਾ ਹੈ ਤਾਂ ਫਿਰ ਦੁਨੀਆ ਉਸ ਨੂੰ ਪਰਿਵਰਤਨ ਤੋਂ ਰੋਕ ਨਹੀਂ ਸਕਦੀ ।

ਫਿਰ ਕਈ ਲੋਕਾਂ ਦੀਆਂ ਗ਼ਲਤ ਸੋਚਾਂ ਜੋ ਹਨ ਉਹਨਾ ਬਾਰੇ ਵੀ ਹਜ਼ਰਤ ਮੁਸਲਿਹ ਮੌਊਦ ਰਜ਼ੀ ਲੱਾਹ ਅਨਹੁ ਨੇ ਵਰਨਣ ਕੀਤਾ, ਕਹਿੰਦੇ ਹਨ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਮੇਂ ਵਿੱਚ ਇਕ ਮਨੁੱਖ ਕਾਦੀਆਂ ਆਇਆ, ਉਸ ਨੇ ਕਿਹਾ ਕਿ ਜੇਕਰ ਮਿਰਜ਼ਾ ਸਾਹਬ ਨੂੰ ਕਿਹਾ ਜਾਂਦਾ ਹੈ ਕਿ ਆਪ ਇਬ੍ਰਾਹੀਮ ਹਨ, ਨੂਹ ਹਨ ਮੂਸਾ ਹਨ ਈਸਾ ਹਨ ਮੁਹਮੱਦ (ਸਲਲੱਾਹੁ ਅਲੈਹਿ ਵਸਅਲਅਮ) ਹਨ ਤਾਂ ਮੈਂਨੂੰ ਵੀ ਰੱਬ ਹਰ ਸਮੇਂ ਕਹਿੰਦਾ ਹੈ ਕਿ ਤੂੰ ਮੁਹਮੱਦ ਹੈ । ਲੋਕ ਉਸ ਨੂੰ ਸਮਝਾਉਣ ਲੱਗੇ ਤਾਂ ਉਸ ਨੇ ਕਿਹਾ ਕਿ ਰੱਬ ਦੀ ਆਵਾਜ਼ ਮੈਂਨੂ ਆਉਂਦੀ ਹੈ, ਉਹ ਆਪ ਮੈਂਨੂੰ ਕਹਿੰਦਾ ਹੈ ਕਿ ਤੂੰ ਮੁਹਮੱਦ ਹੈਂ ਤੁਹਾਡੀਆਂ ਦਲੀਲਾਂ ਮੇਰੇ ਉਪੱਰ ਕੀ ਪ੍ਰਭਾਵ ਕਰ ਸਕਦੀਆਂ ਹਨ ਕੋਈ ਪ੍ਰਭਾਵ ਨਹੀਂ ਹੋਵੇਗਾ । ਜੱਦ ਲੋਕ ਸਮਝਾਉਂਦੇ ਸਮਝਾਉਂਦੇ ਥੱਕ ਗਏ ਤਾਂ ਉਹਨਾਂ ਨੇ ਵਿਚਾਰ ਕੀਤਾ ਕਿ ਚੰਗਾ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸੇਵਾ ਵਿੱਚ ਪੇਸ਼ ਕੀਤਾ ਜਾਵੇ, ਸੋ, ਉਹ ਮਨੁੱਖ ਹਜ਼ੂਰ ਦੀ ਸੇਵਾ ਵਿੱਚ ਪੇਸ਼ ਕੀਤਾ ਗਿਆ ਅਤੇ ਉਸ ਨੇ ਕਿਹਾ ਕਿ ਰੱਬ ਮੈਂਨੂੰ ਹਰ ਸਮੇਂ ਇਹ ਕਹਿੰਦਾ ਹੈ ਕਿ ਤੁਸੀਂ ਮੁਹਮੱਦ ਹੋ । ਆਪ ਨੇ ਫ਼ਰਮਾਇਆ ਕਿ ਜੱਦ ਉਹ ਮੈਂਨੂੰ ਕਹਿੰਦਾ ਹੈ ਕਿ ਤੁਸੀਂ ਈਸਾ ਹੋ ਤਾਂ ਈਸਾ ਵਾਲੇ ਗੁਣ ਮੈਂਨੂੰ ਦਿੰਦਾ ਅਤੇ ਜੱਦ ਉਹ ਮੈਂਨੂੰ ਕਹਿੰਦਾ ਹੈ ਕਿ ਤੁਸੀਂ ਮੂਸਾ ਹੋ ਤਾਂ ਮੈਂਨੂੰ ਮੂਸਾ ਵਾਲੇ ਚਮਤਕਾਰ ਮੈਂਨੂੰ ਦਿੰਦਾ ਹੈ ਅਤੇ ਜੇਕਰ ਰੱਬ ਤੁਹਾਨੂੰ ਹਰ ਸਮੇਂ ਮੁਹਮੱਦ ਕਹਿੰਦਾ ਹੈ ਤਾਂ ਕੀ ਉਹ ਕੁਰਆਨ ਕਰੀਮ ਦੀ

ਮਆਰਫ਼ਤ ਤੇ ਉਹ ਸੂਖਮ ਗਿਆਨ ਅਤੇ ਉਹ ਸਚੱਾਈਆਂ ਵੀ ਤੁਹਾਨੂੰ ਦਿੰਦਾ ਹੈ ਜਾਂ ਨਹੀਂ । ਉਸ ਨੇ ਕਿਹਾ ਕਿ ਦਿੰਦਾ ਤਾਂ ਕੁਝ ਨਹੀਂ । ਫਿਰ ਆਪ ਨੇ ਫ਼ਰਮਾਇਆ ਦੇਖੋ, ਸੱਚੇ ਤੇ ਝੂਠੇ ਵਿੱਚ ਇਹੋ ਅੰਤਰ ਹੁੰਦਾ ਹੈ । ਜੇਕਰ ਕੋਈ ਮਨੁੱਖ ਕਿਸੇ ਨੂੰ ਸੱਚੇ ਰੂਪ ਵਿੱਚ ਆਪਣਾ ਮਹਿਮਾਨ ਬਣਾਉਂਦਾ ਹੈ ਤਾਂ ਉਹ ਉਸ ਨੂੰ ਖਾਣ ਨੂੰ ਵੀ ਦਿੰਦਾ ਹੈ, ਪਰ ਜੇਕਰ ਕੋਈ ਕਿਸੇ ਦਾ ਮਖ਼ੌਲ ਕਰਦਾ ਹੈ ਤਾਂ ਐਵੇਂ ਹੀ ਉਸ ਨੂੰ ਬੁਲਾ ਕੇ ਉਸ ਦੇ ਸਾਹਮਣੇ ਖਾਲੀ ਭਾਂਡੇ ਰੱਖ ਦਿੰਦਾ ਹੈ ਅਤੇ ਕਹਿੰਦਾ ਹੈ ਕਿ ਇਹ ਪੁਲਾਉ ਹੈ ਇਹ ਜ਼ਰਦਾ ਹੈ, ਰੱਬ ਮਖ਼ੌਲ ਨਹੀਂ ਕਰਦਾ ਸ਼ੈਤਾਨ ਮਖ਼ੌਲ ਕਰਦਾ ਹੈ । ਜੇਕਰ ਆਪ ਨੂੰ ਮੁਹਮੱਦ ਕਿਹਾ ਜਾਂਦਾ ਹੈ ਤਾਂ ਫਿਰ ਕੁਰਆਨ ਕਰੀਮ ਦੀ ਮਆਰਫ਼ਤ ਅਤੇ ਸੂਖਮ ਗਿਆਨ ਅਤੇ ਸਚੱਾਈਆਂ ਨਹੀਂ ਦਿੱਤੀਆਂ ਜਾਂਦੀਆਂ ਤਾਂ ਅਜਿਹਾ ਕਹਿਣ ਵਾਲਾ ਸ਼ੈਤਾਨ ਹੈ ਰੱਬ ਨਹੀਂ ਹੈ । ਸੋ, ਉਹ ਲੋਕ ਜੋ ਕਈ ਵਾਰ ਕੁਝ ਸੁਪਨਿਆਂ ਕਰਕੇ ਧੋਖਾ ਖਾ ਜਾਂਦੇ ਹਨ ਅਤੇ ਵੱਡੇ ਵੱਡੇ ਦਾਵੇ ਕਰਨ ਲੱਗ ਜਾਂਦੇ ਹਨ ਵਾਸਤਵ ਵਿੱਚ ਉਹ ਸ਼ੈਤਾਨ ਦੇ ਪ੍ਰਭਾਵ ਹੇਠ ਹੁੰਦੇ ਹਨ । ਰੱਬ ਤਾਂ ਜੱਦ ਕਿਸੇ ਨੂੰ ਕੁਝ ਦਿੰਦਾ ਹੈ ਤਾਂ ਉਸ ਦੀ ਚਮਕ ਵੀ ਦਿਖਾ ਦਿੰਦਾ ਹੈ । ਆਪਣੇ ਪੱਖ ਦਾ ਪ੍ਰਗਟਾਵਾ ਵੀ ਕਰਦਾ ਹੈ । ਚਮਤਕਾਰ ਪ੍ਰਕਟ ਹੁੰਦੇ ਹਨ । ਰੱਬ ਦੀ ਕਰਮ ਰੂਪੀ ਗਵਾਹੀ ਉਸ ਨਾਲ ਕੰਮ ਕਰ ਰਹੀ ਹੁੰਦੀ ਹੈ । ਇਹੋ ਅਸੀਂ ਹਜ਼ਰਤ ਮਸੀਹ ਮੌਊਦਅਲੈਹਿ ਸਲਾਮ ਨਾਲ ਦੇਖਿਆ ਹੈ ਅਤੇ ਇਹੋ ਆਪ ਦੀ ਭਵਿੱਖਬਾਣ ਮੁਸਲਿਹ ਮੌਊਦ ਜੋ ਸੀ ਉਹ ਖ਼ਲੀਫ਼ਾ ਸਾਨੀ ਦੇ ਹੱਕ ਵਿੱਚ ਪੂਰੀ ਹੁੰਦਿਆਂ ਦੇਖੀ ਅਤੇ ਇਹੋ ਖ਼ਿਲਾਫ਼ਤ ਅਹਮਦੀਆ ਦੀ ਸਥਾਪਨਾ ਦੀ ਆਪ ਨੇ ਖ਼ੁਸ਼ਖ਼ਬਰੀ ਜੋ ਦਿੱਤੀ ਸੀ ਰੱਬ ਦੀ ਇਸ ਕਰਮ ਰੂਪੀ ਗਵਾਹੀ ਨਾਲ ਇਸ ਨੂੰ ਅਸੀਂ ਪੂਰਾ ਹੁੰਦਾ ਦੇਖਿਆ । ਅਲੱਾਹ ਤਆਲਾ ਹਰ ਅਹਮਦੀ ਦੇ ਈਮਾਨ ਤੇ ਆਸਥਾ ਨੂੰ ਤਰੱਕੀ ਪ੍ਰਦਾਨ ਕਰੇ ਅਤੇ ਉਹ ਇਹਨਾਂ ਗੱਲਾਂ ਨੂੰ ਸਮਝਣ ਵਾਲਾ ਹੋਵੇ ।

ਖ਼ੁਤਬੇ ਦੇ ਅੰਤ ਵਿੱਚ ਹਜ਼ੂਰ ਅਨਵਰ ਨੇ ਮੁਕਰੱਮਾ ਸਾਹਿਬਜ਼ਾਦੀ ਅਮਤੁਲ ਬਾਰੀ ਸਾਹਿਬਾ ਦੇ ਜਨਾਜ਼ੇ ਦਾ ਐਲਾਨ ਕੀਤਾ ਜਿੰਨ੍ਹਾ ਦੀ 31 ਅਗਸਤ 2015 ਈ. ਨੂੰ 87 ਵਰ੍ਹਿਆਂ ਦੀ ਉਮਰ ਵਿੱਚ ਵਫ਼ਾਤ ਹੋਈ ਸੀ । (اناللهواناالیہراجعون) ਮੁਕਰੱਮਾ ਅਮਤੁਲ ਬਾਰੀ ਬੇਗ਼ਮ ਸਾਹਿਬਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਪੋਤੀ ਹਜ਼ਰਤ ਮਿਰਜ਼ਾ ਸ਼ਰੀਫ ਅਹਮਦ ਸਾਹਬ ਦੀ ਪੁਤੱਰੀ ਅਤੇ ਹਜ਼ਰਤ ਨਵਾਬ ਮੁਹਮੱਦ ਅਲੀ ਸਾਹਬ ਦੀ ਨਵਾਸੀ ਸਨ । ਅਤੇ ਸਯੱਦਾ ਅਮਤੁਲ ਹਫ਼ੀਜ਼ ਬੇਗ਼ਮ ਸਾਹਿਬਾ ਅਤੇ ਨਵਾਬ ਅਬਦੁਲੱਾਹ ਖਾਂਨ ਸਾਹਬ ਦੀ ਨੂਹ ਸਨ । ਇਹਨਾ ਦੇ ਪਤੀ ਮੁਕਰੱਮ ਅਬੱਾਸ ਅਹਮਦ ਖਾਨ ਸਾਹਬ ਮਰਹੂਮ ਸਨ ਅਤੇ ਉਹ ਮੇਰੀ ਭੂਆ ਵੀ ਸਨ । 17 ਅਕਤੂਬਰ 1928 ਈ. ਨੂੰ ਕਾਦੀਆਂ ਵਿੱਚ ਪੈਦਾ ਹੋਈ ਸਨ । ਅਲੱਾਹ ਤਆਲਾ ਇਹਨਾਂ ਦੇ ਦਰਜੇ ਬੁਲੰਦ ਕਰੇ ਅਤੇ ਬਖਸ਼ਿਸ਼ ਦਾ ਵਰਤਾਉ ਕਰੇ । ਆਮੀਨ ।


**Khulasa Khutba 04.09.2015**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)


Toll Free Shoba Noorul Islam-1800-3010-2131